


ਚਿੱਤਰ: 2.3

2. ਨੋਟਪੈਡ ਵਿੱਚ ਹੁਣ HTML ਕੋਡ ਟਾਈਪ ਕਰੋ ਜਿਵੇਂ ਕਿ ਚਿੱਤਰ 2.2 ਵਿੱਚ ਦਿਖਾਇਆ ਗਿਆ ਹੈ।
3. File →Save ਵਿਕਲਪ ਤੇ ਕਲਿੱਕ ਕਰੋ। ਇੱਕ ਡਾਇਲਾਗ ਬੌਕਸ ਚਿੱਤਰ 2.3ਅਨੁਸਾਰ ਦਿਖਾਈ ਦੇਵੇਗਾ। ਜਿੱਥੇ ਅਸੀਂ ਫਾਈਲ ਨੂੰ ਸੇਵ ਕਰਨਾ ਚਾਹੁੰਦੇ ਹਾਂ, ਆਪਣੀ ਫਾਈਲ ਦਾ ਨਾਂ ਅਤੇ ਐਕਸਟੈਂਸ਼ਨ .html ਦਾਖਲ ਕਰੋ।

## 2.4.1 HTML ਡਾਕੂਮੈਂਟ ਵੇਖਣਾ :-

ਕੋਈ ਵੀ HTML ਡਾਕੂਮੈਂਟ ਕਿਸੇ ਵੀ ਵੈਬ ਬਰਾਊਜ਼ਰ ਜਿਵੇਂ ਕਿ ਇੰਟਰਨੈੱਟ ਐਕਸਪਲੋਰਰ, ਨੈੱਟਸਕੇਪ ਨੈਵੀਗੇਟਰ, ਮੋਜ਼ੀਲਾ ਫਾਇਰਫਾਕਸ, ਓਪੇਰਾ ਜਾਂ ਗੂਗਲ ਕਰੋਮ ਰਾਹੀਂ ਵੇਖਿਆ ਜਾ ਸਕਦਾ ਹੈ। ਇੱਥੇ ਅਸੀਂ ਹਰੇਕ ਉਦਾਹਰਨ ਵਿੱਚ ਇੰਟਰਨੈੱਟ ਐਕਸਪਲੋਰਰ ਦੀ ਵਰਤੋਂ ਕਰ ਰਹੇ ਹਾਂ।

**ਇੰਟਰਨੈੱਟ ਐਕਸਪਲੋਰਰ ਖੋਲਣ ਲਈ ਹੇਠਾਂ ਦਿੱਤੇ ਸਟੈਪਸ ਵਰਤੋਂ :**

1. Start →All Programs→ Internet Explorer or start→ Run→ explore ਟਾਈਪ ਕਰਕੇ OK ਤੇ ਕਲਿੱਕ ਕਰੋ।
2. File→Open 'ਤੇ ਕਲਿੱਕ ਕਰੋ ਜਾਂ ਕੀ ਬੋਰਡ ਤੋਂ Ctrl+O ਤੋਂ ਦਬਾਓ, ਇੱਕ ਓਪਨ ਡਾਇਲਾਗ ਬਾਕਸ ਆਵੇਗਾ ਅਤੇ ਆਪਣੀ html ਫਾਈਲ ਦੀ ਚੋਣ ਕਰੋ ਜਿਵੇਂ ਕਿ ਚਿੱਤਰ 2.4 ਵਿੱਚ ਦਿਖਾਇਆ ਗਿਆ ਹੈ।




ਚਿੱਤਰ 2.4

3. ਆਪਣੀ ਫਾਈਲ ਨੂੰ ਸਲੈਕਟ ਕਰੋ ਅਤੇ ਉਸ ਨੂੰ Open ਬਟਨ ਨਾਲ ਖੋਲੋ। ਵੈੱਬਪੇਜ ਬ੍ਰਾਊਜ਼ਰ ਵਿੱਚ ਪ੍ਰਦਰਸ਼ਿਤ ਹੋਵੇਗਾ ਜਿਵੇਂ ਕਿ ਇਹ ਚਿੱਤਰ 2.5 ਵਿੱਚ ਦਿਖਾਇਆ ਗਿਆ ਹੈ :




ਚਿੱਤਰ 2.5

## 2.5 ਵੈੱਬ ਬਰਾਊਜ਼ਰ (Web Browsers):-

ਵੈਬ ਪੇਜਜ਼ ਕਿਸੇ ਵੀ ਵੈਬ ਬ੍ਰਾਊਜ਼ਰ ਵਿੱਚ ਖੋਲ੍ਹੇ ਜਾ ਸਕਦੇ ਹਨ। ਹੁਣ ਅਸੀਂ ਕੁਝ ਆਮ ਵਰਤੇ ਗਏ ਵੈਬ ਬਰਾਊਜ਼ਰਾਂ ਬਾਰੇ ਚਰਚਾ ਕਰਾਂਗੇ :

ਇੰਟਰਨੈਟ ਐਕਸਪਲੋਰਰ (MSIE) ਦੇ ਤੌਰ ਤੇ ਜਾਣਿਆ ਜਾਂਦਾ ਹੈ, ਇਹ ਵਰਡ ਵਾਈਡ ਵੈਬ ਦਾ ਸਭ ਤੋਂ ਜ਼ਿਆਦਾ ਵਰਤਿਆ ਜਾਣ ਵਾਲਾ ਵੈਬ ਬਰਾਊਜਰ ਹੈ। ਇਹ ਮਾਈਕ੍ਰੋਸਾਫਟ ਵਿੰਡੋਜ਼ ਆਪਰੇਟਿੰਗ ਸਿਸਟਮ ਦੇ ਨਾਲ ਹੀ ਆਉਂਦਾ ਹੈ ਅਤੇ ਇਹ ਵੀ ਮਾਇਕਰੋਸਾਫਟ ਦੇ ਵੈਬ ਸਾਈਟ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ, ਕਿਉਂਕਿ ਇਹ 1999 ਤੋਂ ਹੁਣ ਤੱਕ ਦਾ ਸਭ ਤੋਂ ਵੱਧ ਪ੍ਰਸਿੱਧ ਵੈੱਬ ਬਰਾਊਜ਼ਰ ਹੈ।

2. **ਗੂਗਲ ਕਰੋਮ** (Google Chrome) :- ਗੂਗਲ ਰਾਹੀਂ ਤਿਆਰ ਕੀਤਾ Google Chrome ਇੱਕ ਫਰੀਵੇਅਰ ਵੈਬ ਬ੍ਰਾਊਜ਼ਰ ਹੈ। ਇਹ ਪਹਿਲਾਂ ਮਾਈਕ੍ਰੋਸਾਫਟ ਵਿੰਡੋਜ਼ ਲਈ 2008 ਵਿੱਚ ਜਾਰੀ ਕੀਤਾ ਗਿਆ ਸੀ, ਅਤੇ ਬਾਅਦ ਵਿੱਚ ਲੀਨਕਸ, OS X, IOS, ਅਤੇ ਅਨਡਰੋਆਇਡ ਲਈ ਪੋਰਟ ਕੀਤਾ ਗਿਆ ਸੀ। ਸਪੀਡ, ਸਰਲਤਾ, ਸੁਰੱਖਿਆ ਪਰਾਈਵੇਸੀ ਗੂਗਲ ਕਰੋਮ ਦੀਆਂ ਮੁੱਖ ਵਿਸ਼ੇਸ਼ਤਾਵਾਂ ਹਨ।
3. **ਮੋਜ਼ੀਲਾ ਫਾਇਰਫੌਕਸ** (Mozilla Fire fox): - ਮੋਜ਼ੀਲਾ ਫਾਇਰਫੋਕਸ, ਮੋਜ਼ੀਲਾ ਫਾਊਡੇਸ਼ਨ ਅਤੇ ਇਸ ਦੀ ਸਹਾਇਕ ਕਾਰਪੋਰੇਸ਼ਨ ਦੁਆਰਾ ਇੱਕ ਮੁਫ਼ਤ ਅਤੇ ਓਪਨ ਸੋਰਸ ਵੈੱਬ ਬ੍ਰਾਊਜ਼ਰ ਵਿਕਸਿਤ ਕੀਤਾ ਗਿਆ ਹਨ। ਫਾਇਰਫਾਕਸ Windows, OS X ਅਤੇ ਲਿਨਿਕਸ ਆਪਰੇਟਿੰਗ ਸਿਸਟਮ ਲਈ ਉਪਲਬਧ ਹੈ, ਇਸ ਦੇ ਮੋਬਾਇਲ ਵਰਜਨ ਅਨਡਰੋਆਇਡ ਤੇ ਫਾਇਰਫੋਕਸ ਆਪਰੇਟਿੰਗ ਸਿਸਟਮ ਆਦਿ ਲਈ ਵੀ ਉਪਲਬੱਧ ਹਨ,ਅਤੇ ਮੋਜ਼ੀਲਾਫਾਇਰਫੌਕਸ ਦੀਆਂ ਮੁੱਖ ਵਿਸ਼ੇਸ਼ਤਾਵਾਂ, ਪਲੱਗ-ਇਨ ਅਨੁਕੂਲਤਾ, ਆਮ ਤੌਰ 'ਤੇ ਤੇਜ਼ੀ ਨਾਲ ਵੈੱਬ ਪੇਜ ਨੂੰ ਡਾਊਨਲੋਡ ਕਰਨਾ, "ਸੁਰੱਖਿਅਤ ਬਰਾਊਜ਼ਿੰਗ" ਮਲਟੀ-ਟੈਬ ਫੀਚਰ, ਪ੍ਰਾਈਵੇਟ ਬਰਾਊਜ਼ਿੰਗ ਹਨ।
4. **ਓਪੇਰਾ ( Opera)** :- ਓਪੇਰਾ ਇੱਕ ਵੈੱਬ ਬਰਾਊਜ਼ਰ ਹੈ, ਜੋ ਕਿ ਓਪੇਰਾ ਸਾਫਟਵੇਅਰ ਦੁਆਰਾ ਵਿਕਸਤ ਕੀਤਾ ਗਿਆ ਹੈ। ਮਾਈਕਰੋਸਾਫਟ ਵਿੰਡੋਜ਼, OS X ਅਤੇ ਲੀਨਕਸ ਓਪਰੇਟਿੰਗ ਸਿਸਟਮਾਂ ਲਈ ਨਵੀਨਤਮ ਵਰਜ਼ਨਸ ਉਪਲਬਧ ਹੈ। ਓਪੇਰਾ ਇੱਕ ਵੈਬ ਬ੍ਰਾਊਜ਼ਰ ਹੈ ਜੋ ਮੋਜ਼ੀਲਾ ਜਾਂ ਮਾਈਕ੍ਰੋਸਾਫਟ ਤੋਂ ਕੁੱਝ ਅਲੱਗ ਫਾਇਦੇ ਪ੍ਰਦਾਨ ਕਰਦਾ ਹੈ। ਜਿਵੇਂ ਕਿ ਆਕਾਰ ਬਹੁਤ ਛੋਟਾ ਹੈ, ਓਪੇਰਾ ਤੇਜ਼ ਅਤੇ ਸਥਿਰ ਹੋਣ ਲਈ ਜਾਣਿਆ ਜਾਂਦਾ ਹੈ।

## 2.6 HTML ਟੈਗਸਜ਼ :

ਉਪਭੋਗਤਾਵਾਂ ਨੂੰ ਆਕਰਸ਼ਿਤ ਕਰਨ ਲਈ ਸਾਨੂੰ ਆਪਣੇ ਵੈਬ ਪੇਜ ਨੂੰ ਆਕਰਸ਼ਕ ਬਣਾਉਣਾ ਹੁੰਦਾ ਹੈ, ਜਿਸ ਵਿੱਚ ਟੈਕਸਟ, ਗ੍ਰਾਫਿਕਸ ਅਤੇ ਲਿੰਕ ਸ਼ਾਮਲ ਹੋ ਸਕਦੇ ਹਨ। HTML ਵਿੱਚ ਅਸੀਂ ਉਹ ਟੈਗ ਵਰਤ ਸਕਦੇ ਹਾਂ ਜੋ ਕਿ ਐਂਗਲ ਬਰੈਕਟ ਵਿੱਚ ਪ੍ਰਭਾਸ਼ਿਤ ਹਨ। Tag ਇੱਕ ਐਲੀਮੈਂਟ ਦੇ ਆਲੇ-ਦੁਆਲੇ ਐਂਗਲ ਬਰੈਕਟ ਲਗਾਉਣ ਨਾਲ ਬਣਦਾ ਹੈ ਜੋ ਕਿਸੇ ਟੈਗ ਦੇ ਤੌਰ ਤੇ ਜਾਣਿਆ ਜਾਂਦਾ ਹੈ। ਆਮ ਤੌਰ ਤੇ ਟੈਗਜ਼ ਆਪਨਿੰਗ ਅਤੇ ਕਲਾਜਿੰਗ ਜੋੜੇ (ਪੇਅਰ) ਦੇ ਰੂਪ ਵਿੱਚ ਉਪਲਬੱਧ ਹਨ।

ਇਹ ਟੈਗਸ ਨੂੰ ਐਲੀਮੈਂਟਸ ਵੀ ਕਿਹਾ ਜਾਂਦਾ ਹੈ। ਇਹਨਾਂ ਟੈਗਾਂ ਨੂੰ ਦੋ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ : -

1. ਕੰਟੇਨਰ ਟੈਗਸ।
2. ਐਮਪਟੀ ਟੈਗਸ।

1 **ਕੰਟੇਨਰ ਟੈਗਸ (Container Tags) :-** ਕੰਟੇਨਰ ਏਰੀਆ ਹੁੰਦਾ ਹੈ ਜੋ ਟੈਗਸ ਦੀ ਸ਼ੁਰੂਆਤ ਅਤੇ ਸਮਾਪਤੀ ਨਾਲ ਘਿਰਿਆ ਹੋਇਆ ਹੁੰਦਾ ਹੈ। ਕੰਟੇਨਰ ਟੈਗ ਜੋੜਿਆਂ ਦੇ ਰੂਪ ਵਿੱਚ ਆਉਂਦੇ ਹਨ। ਸਟਾਰਟਿੰਗ ਟੈਗ ਅਤੇ ਐਂਡਿੰਗ ਟੈਗ ਮੌਜੂਦ ਹੁੰਦੇ ਹਨ। ਜਿਨ੍ਹਾਂ ਵਿੱਚ ਕੰਨਟੈਂਟਸ ਹੁੰਦੇ ਹਨ। ਇਸ ਨੂੰ ਪੇਅਰ ਟੈਗਜ਼ ਕਿਹਾ ਜਾਂਦਾ ਹੈ। ਇਸ ਵਿੱਚ ਹਰ TAG ਖੋਲਿਆ ਤੇ ਬੰਦ ਕੀਤਾ ਜਾਂਦਾ ਹੈ। ਉਦਾਹਰਨ ਜਦੋਂ ਅਸੀਂ ਆਪਣਾ ਟੈਕਸਟ ਇਟੈਲਿਕ ਕਰਨਾ ਚਾਹੁੰਦੇ ਹਾਂ ਤਾਂ ਟੈਕਸਟ <i> ਤੇ </i> ਵਿਚਕਾਰ ਪਾ ਸਕਦੇ ਹਾਂ।

2 **ਐਮਪਟੀ ਟੈਗਸ ( Empty Tags):** ਇਨਾਂ ਐਲੀਮੈਂਟ ਨੂੰ ਐਮਪਟੀ ਟੈਗ ਜਾਂ ਖਾਲੀ ਟੈਗ ਕਿਹਾ ਜਾਂਦਾ ਹੈ ਅਤੇ ਇਸ ਵਿੱਚ ਕੇਵਲ ਇੱਕ ਸ਼ੁਰੂਆਤੀ ਟੈਗ ਹੀ ਹੁੰਦਾ ਹੈ ਕਿਉਕਿ ਇਸ ਕੋਲ ਕੋਈ ਕੰਟੈਂਟ ਨਹੀਂ ਹੁੰਦਾ। ਐਮਪਟੀ ਟੈਗ ਵਿੱਚ Ending ਟੈਗ ਨਹੀਂ ਹੁੰਦਾ। ਉਦਾਹਰਨ ਲਈ, <BR> ਟੈਗ ਦੀ ਵਰਤੋਂ ਦਿੱਤੀ ਗਈ ਲਾਈਨ ਨੂੰ ਤੋੜਨ ਲਈ ਕੀਤੀ ਜਾਂਦੀ ਹੈ। ਜਿੱਥੇ ਇਹ ਵਰਤਿਆ ਜਾਂਦਾ ਹੈ।

**ਨੋਟ** :-

\ ਸੁਰੂਆਤੀ ਟੈਗ , ਇੱਕ ਟੈਗ ਦੀਆਂ ਐਟਰੀਬਿਊਟ ਨੂੰ ਪਰਿਭਾਸ਼ਿਤ ਕਰਦਾ ਹੈ।

## 2.6.1 ਕੰਟੇਨਰ ਅਤੇ ਖਾਲੀ ਟੈਗ ਵਿਚਕਾਰ ਅੰਤਰ :

| CONTAINER TAG | EMPTY TAG |
|---|---|
| 1. HTML ਟੈਗ ਜਿਸ ਨੂੰ </> ਕਮਾਂਡ ਨਾਲ ਬੰਦ ਕਰਨ ਦੀ ਜ਼ਰੂਰਤ ਹੈ। ਉਸ ਨੂੰ ਕੰਟੇਨਰ ਟੈਗ ਕਿਹਾ ਜਾਂਦਾ ਹੈ। ਇੱਕ ਕੰਟੇਨਰ ਟੈਗ ਵਿੱਚ ਇੱਕ ਸ਼ੁਰੂਆਤੀ (Opening) ਟੈਗ ਅਤੇ ਕਲੋਜ਼ਿੰਗ (Closing) ਟੈਗ ਹੈ। | 1. ਜਿਹੜੇ ਟੈਗਸ ਨੂੰ </> ਕਮਾਂਡ ਨਾਲ ਬੰਦ ਕਰਨ ਦੀ ਜ਼ਰੂਰਤ ਨਹੀਂ ਹੁੰਦੀ ਹੈ ਉਹਨਾਂ ਨੂੰ ਐਮਪਟੀ ਟੈਗ ਕਿਹਾ ਜਾਂਦਾ ਹੈ। ਇੱਕ ਐਮਪਟੀ ਟੈਗ ਵਿੱਚ ਸਿਰਫ ਸ਼ੁਰੂਆਤੀ ਟੈਗ ਹੈ। |
| 2. ਇੱਕ ਕੰਟੇਨਰ ਟੈਗ ਇੱਕ ਟੈਗ ਹੈ ਜਿਸ ਵਿੱਚ ਐਟਰੀਬੀਅੁਟ ਜਾਂ ਗੁਣ ਸ਼ਾਮਿਲ ਹੋ ਸਕਦੇ ਹਨ। | 2. ਇੱਕ ਐਮਪਟੀ ਟੈਗ ਇੱਕ ਟੈਗ ਹੈ ਜਿਸ ਵਿੱਚ ਕੋਈ ਐਟਰੀਬਿਊਟ ਜਾਂ ਗੁਣ ਹੋ ਵੀ ਸਕਦੇ ਹਨ ਜਾਂ ਨਹੀਂ ਵੀ। |
| 3. Example: <html>..........</html> | 3. Example: <BR>, <HR> |

## 2.6.2 ਕੁਝ ਆਮ ਵਰਤੇ ਜਾਣ ਵਾਲੇ ਕੰਟੇਨਰ ਟੈਗਸ ਹੇਠ ਲਿਖੇ ਅਨੁਸਾਰ ਹਨ :

| ਐਲੀਮੈਂਟ/ਟੈਗ | ਓਪਰੇਸ਼ਨ (ਕਾਰਜ) | ਉਦਾਹਰਣ | ਆਉਟਪੁੱਟ |
|---|---|---|---|
| <B>......</B> | ਟੈਕਸਟ ਨੂੰ ਬੋਲਡ ਕਰਨ ਲਈ | <B>hello</B> | **hello** |
| <I>......</I> | ਟੈਕਸਟ ਨੂੰ ਇਟੈਲਿਕ ਕਰਨ ਲਈ | <I>hello</I> | *hello* |
| <U>......</U> | ਟੈਕਸਟ ਨੂੰ ਅੰਡਰ ਲਾਈਨ ਕਰਨ ਲਈ | <U>hello</U> | hello |
| <SUP>......</SUP> | ਟੈਕਸਟ ਨੂੰ ਸੁਪਰਸਕਰਿਪਟ ਕਰਨ ਲਈ | a<SUP>2</SUP> + b<SUP>2</SUP> | $a^2+b^2$ |
| <SUB>......</SUB> | ਟੈਕਸਟ ਨੂੰ ਸਬਸਕਰਿਪਟ ਕਰਨ ਲਈ | H<SUB>2</SUB>O | $H_2O$ |
| <STRIKE>......</STRIKE> | ਟੈਕਸਟ ਨੂੰ ਵਿੱਚੋ ਸਟਰਾਈਕ ਕਰਨ ਲਈ | <STRIKE>hello</STRIKE> | ~~hello~~ |
| <TT>......</TT> | ਟੈਕਸਟ ਵਿੱਚ ਟਾਈਪਰਾਈਟਰ ਫੌਂਟ ਵਰਤਣ ਲਈ। | <TT>hello</TT> | hello |

ਉਪਰੋਕਤ ਟੈਗਸ ਨੂੰ ਹੇਠ ਦਿੱਤੇ ਗਏ ਚਿੱਤਰ ਨੰ. 2.6 ਅਤੇ 2.7 ਵਿੱਚ ਕੋਡ ਅਤੇ ਆਉਟਪੁੱਟ ਰਾਹੀਂ ਦਰਸਾਇਆ ਗਿਆ ਹੈ।

```
<HTML>
<HEAD>
<TITLE> MY DIFFERENT TAGS WEBPAGE</TITLE>
</HEAD>
<BODY>
WELCOME TO HTML
<B>HELLO </B>
<I>STUDENTS</I>
<U>I WANT TO DRINK </U>
H<SUB>2</SUB>O
<STRIKE>AND WANT TO TELL SOLVE</STRIKE>
a<SUP>2</SUP>+B<SUP>2</SUP>
<TT>TRY IT</TT>
</BODY>
</HTML>
```

ਚਿੱਤਰ 2.6




ਚਿੱਤਰ 2.7

**2.7 Attributes:** ਇੱਕ ਟੈਗ ਦੇ ਗੁਣ (ਐਟਰੀਬਿਊਟਸ) ਸ਼ੁਰੂਆਤੀ ਟੈਗ ਵਿੱਚ ਦਰਸਾਏ ਜਾਂਦੇ ਹਨ ਜੋ ਟੈਗ ਦੀਆਂ ਵਿਸ਼ੇਸ਼ਤਾਵਾਂ ਨੂੰ ਦਰਸਾਉਂਦੇ ਹਨ।

### 2.7.1 ਟੈਗ ਅਤੇ ਐਟਰੀਬਿਊਟਸ ਵਿੱਚ ਅੰਤਰ:-

| (ਟੈਗ) TAG | (ਐਟਰੀਬਿਊਟਸ)ATTRIBUTE |
|---|---|
| 1. ਟੈਗਸ ਵਿੱਚ ਅਜਿਹੇ ਐਲੀਮੈਂਟਸ ਹੁੰਦੇ ਹਨ ਜੋ ਜਾਣਕਾਰੀ ਪ੍ਰਦਾਨ ਕਰਦੇ ਹਨ ਕਿ ਸੂਚਨਾ ਨੂੰ ਕਿਸ ਤਰ੍ਹਾਂ ਪ੍ਰੋਸੈਸ ਜਾਂ ਪ੍ਰਦਰਸ਼ਿਤ ਕੀਤਾ ਜਾ ਸਕਦਾ ਹੈ। ਇਸ ਵਿੱਚ ਦੋ ਟੈਗ ਸ਼ੁਰੂਆਤੀ ਟੈਗ <TAG> ਅਤੇ ਅੰਤਿਮ ਟੈਗ </TAGS> ਹੁੰਦੇ ਹਨ ਜੋਕਿ ਇੱਕ ਐਲੀਮੈਂਟ ਦੀ ਸ਼ੁਰੂਆਤ ਅਤੇ ਅੰਤ ਨੂੰ ਦਰਸਾਉਣ ਲਈ ਵਰਤੇ ਜਾਂਦੇ ਹਨ। | 1. ਇੱਕ ਐਟਰੀਬੀਊਟਸ ਐਲੀਮੈਂਟ ਦੀ ਅਜਿਹੀ ਪ੍ਰੋਪਰਟੀ ਨੂੰ ਦਰਸਾਉਂਦਾ ਹੈ ਜਿਸ ਵਿੱਚ ਉਸ ਟੈਗ ਨਾਲ ਸੰਬੰਧਿਤ ਵਿਸ਼ੇਸ਼ਤਾ ਦਰਸਾਈ ਜਾਂਦੀ ਹੈ ਅਤੇ ਇਹ ਟੈਗ ਦੇ ਸ਼ੁਰੂਆਤੀ ਟੈਗ ਵਿੱਚ ਦਰਸਾਈ ਜਾਂਦੀ ਹੈ। |
| 2. ਟੈਗਜ਼ ਵਿੱਚ ਟੈਗ ਦੇ ਨਾਲ ਉਸ ਦੀਆਂ ਵਿਸ਼ੇਸ਼ਤਾਵਾਂ ਵੀ ਹੋ ਸਕਦੀਆਂ ਹਨ। | 2. ਐਟਰੀਬੀਊਟਸ ਐਲੀਮੈਂਟ ਦੇ ਸ਼ੁਰੂਆਤੀ ਟੈਗ ਦਾ ਭਾਗ ਹੁੰਦਾ ਹੈ। |
| 3. ਇਹ ਦੋ ਤਰ੍ਹਾਂ ਦੇ ਹੁੰਦੇ ਹਨ : ਐਂਪਟੀ ਟੈਗ ਅਤੇ ਕੰਟੇਨਰ ਟੈਗ | 3. ਐਟਰੀਬੀਊਟਸ ਦੀਆਂ ਕਿਸਮਾਂ ਵਰਤੇ ਜਾ ਰਹੇ ਟੈਗ ਤੇ ਨਿਰਭਰ ਕਰਦੀਆਂ ਹਨ। ਭਾਵ ਕਿ ਹਰੇਕ ਟੈਗ ਦੇ ਐਟਰੀਬਿਊਟ ਦੀ ਸੰਖਿਆ ਅਲੱਗ ਅਲੱਗ ਹੁੰਦੀ ਹੈ। |
| 4. ਉਦਾਹਰਨ <Table> ਇੱਥੇ ਟੇਬਲ ਇੱਕ ਟੈਗ ਹੈ। | 4. ਉਦਾਹਰਨ<Table Border="3"> ਇੱਥੇ ਟੇਬਲ ਇੱਕ ਟੈਗ ਹੈ। ਅਤੇ ਬਾਰਡਰ ਇੱਕ ਐਟਰੀਬਿਊਟ ਹੈ। |

**2.8 BODY ਟੈਗ ਅਤੇ ਐਟਰੀਬਿਊਟ :**

BODY ਟੈਗ HTML ਡਾਕੂਮੈਂਟ ਦਾ ਮੁੱਖ ਹਿੱਸਾ ਹੈ ਜਿਸ ਵਿੱਚ ਵੈਬਪੇਜ ਦੇ ਬਾਰੇ ਸਾਰੀ ਜਾਣਕਾਰੀ ਮੌਜੂਦ ਹੈ। ਇਸ ਟੈਗ ਵਿੱਚ ਵਰਤੀਆਂ ਜਾਂਦੀਆਂ ਮੁੱਖ ਵਿਸ਼ੇਸ਼ਤਾਵਾਂ ਹਨ Background (ਬੈਕਗਰਾਊਂਡ), BGCOLOR (ਬੀਜੀਕਲਰ) ਅਤੇ ਟੈਕਸਟ। ਆਉ ਅਸੀਂ ਉਹਨਾਂ ਵਿਸ਼ੇਸ਼ਤਾਵਾਂ ਬਾਰੇ ਚਰਚਾ ਕਰੀਏ ਜੋ BODY ਟੈਗ ਵਿੱਚ ਵਰਤੀਆਂ ਜਾਂਦੀਆਂ ਹਨ।

**2.8.1 ਬੈਕਗਰਾਊਂਡ ਐਟਰੀਬਿਊਟ :-** ਬੈਕਗਰਾਊਂਡ ਐਟਰੀਬਿਊਟ ਵੈੱਬ ਪੇਜ ਦੀ ਬੈਕਗਰਾਊਂਡ ਨੂੰ ਪ੍ਰਭਾਸ਼ਿਤ ਕਰਦਾ ਹੈ। ਬੈਕਗਰਾਊਂਡ ਐਟਰੀਬਿਊਟ ਦੀ ਵਰਤੋਂ BODY ਟੈਗ ਵਿੱਚ ਕੀਤੀ ਜਾਂਦੀ ਹੈ।

ਉਦਾਹਰਨ <Body Background="lampbg.jpg">

ਉਪਰੋਕਤ ਨੂੰ ਨੀਚੇ ਦਿੱਤੇ ਗਏ ਚਿੱਤਰ ਨੰ. 2.8 ਅਤੇ 2.9 ਵਿੱਚ ਕੋਡ ਅਤੇ ਆਉਟਪੁੱਟ ਰਾਹੀ ਦਰਸਾਇਆ ਗਿਆ ਹੈ।




ਚਿੱਤਰ 2.8




ਚਿੱਤਰ 2.9

**2.8.2 Bgcolor attribute :** ਬੈਕਗਰਾਊਂਡ ਦਾ ਰੰਗ ਬਦਲਣ ਲਈ BODY ਟੈਗ ਵਿੱਚ Bgcolor ਐਟਰੀਬਿਊਟ ਵਰਤਿਆ ਜਾਂਦਾ ਹੈ।

ਉਦਾਹਰਨ <BODY BGCOLOR="GREEN">

ਇਸ ਦੀ ਵਰਤੋਂ ਚਿੱਤਰ ਨੰ. 2.10 ਅਤੇ 2.11 ਵਿੱਚ ਕੋਡ ਅਤੇ ਆਊਟਪੁੱਟ ਰਾਹੀਂ ਦਰਸਾਈ ਗਈ ਹੈ।




ਚਿੱਤਰ 2.10




ਚਿੱਤਰ 2.11

## 2.8.3 BACKGROUND ਅਤੇ BGCOLOR ਵਿੱਚ ਅੰਤਰ :

| BACKGROUND | BGCOLOR |
|---|---|
| Background ਐਟਰੀਬਿਊਟ ਨੂੰ BODY ਦੇ ਨਾਲ ਨਾਲ ਟੇਬਲ ਟੈਗ ਵਿੱਚ ਵੀ ਵਰਤਿਆ ਜਾਂਦਾ ਹੈ। ਇਸ ਦੀ ਵਰਤੋਂ ਵੈੱਬਪੇਜ ਜਾਂ ਟੇਬਲ ਦੀ ਬੈਕਗਰਾਊਂਡ ਇਮੇਜ਼ ਬਦਲਣ ਲਈ ਕੀਤੀ ਜਾਂਦੀ ਹੈ। | Bgcolor ਐਟਰੀਬਿਊਟ ਨੂੰ BODY ਦੇ ਨਾਲ ਨਾਲ ਟੇਬਲ ਟੈਗ ਵਿੱਚ ਵੀ ਵਰਤਿਆ ਜਾਂਦਾ ਹੈ। ਇਸ ਦੀ ਵਰਤੋਂ ਵੈੱਬਪੇਜ ਜਾਂ ਟੇਬਲ ਦਾ ਬੈਕਗਰਾਊਂਡ ਕਲਰ ਬਦਲਣ ਲਈ ਕੀਤੀ ਜਾਂਦੀ ਹੈ। |
| 2. ਸਿੰਟੈਕਸ <body background="*URL*"> | 2. ਸਿੰਟੈਕਸ <table bgcolor="*color name*"> |
| ਉਦਾਹਰਣ 3. <BODY BACKGROUND="\IMAGE1.JPEG""> | ਉਦਾਹਰਣ 3. <BODY BGCOLOR="GREEN"> |

**2.8.4** TEXT Attribute (ਟੈਕਸਟ ਐਟਰੀਬਿਊਟ) ਟੈਕਸਟ ਦੇ ਰੰਗ ਨੂੰ ਪਰਿਭਾਸ਼ਿਤ ਕਰਦਾ ਹੈ ਅਤੇ ਉਦਾਹਰਨ ਵਜੋ ਜਿਵੇਂ ਕਿ 2.12 ਅਤੇ 2.13 ਵਿੱਚ html ਕੋਡ ਅਤੇ ਆਊਟਪੁੱਟ ਦਿਖਾਇਆ ਗਿਆ ਹੈ।

<BODY BGCOLOR = "RED" TEXT = "WHITE">




ਚਿੱਤਰ 2.12




ਚਿੱਤਰ 2.13

### 2.8.4.1 <Body> ਟੈਗ ਨਾਲ ਸੰਬੰਧਿਤ ਕੁਝ ਹੋਰ ਮਹੱਤਵਪੂਰਨ ਟੈਗਜ਼

| | |
|---|---|
| LINK | ਲਿੰਕ ਐਟਰੀਬਿਊਟ ਇੱਕ ਦਸਤਾਵੇਜ਼ ਵਿੱਚ Unvisited ਲਿੰਕ ਦਾ ਰੰਗ ਨਿਰਧਾਰਿਤ ਕਰਦਾ ਹੈ। LINK ਐਟਰੀਬਿਊਟ (ਵਿਸ਼ੇਸ਼ਤਾ) ਦਾ ਮੂਲ ਰੰਗ ਨੀਲਾ ਹੁੰਦਾ ਹੈ। <Body> ਟੈਗ ਵਿੱਚ, ਟਾਈਪ ਕਰੋ LINK ="?" ਜੋਕਿ "?" ਦੀ ਥਾਂ ਰੰਗ ਜਾਂ ਰੰਗ ਦੇ ਕੋਡ ਨਾਲ Unvisited ਲਿੰਕ ਦੇ ਰੰਗ ਲਈ ਵਰਤਿਆ ਜਾ ਸਕਦਾ ਹੈ। |
| ALINK | ਇਹ ਐਟਰੀਬਿਊਟ ਐਕਟਿਵ ਲਿੰਕ ਦਾ ਰੰਗ ਬਦਲਦਾ ਹੈ। ਇੱਕ ਐਕਟਿਵ ਲਿੰਕ ਇੱਕ ਲਿੰਕ ਹੈ ਜੋਕਿ ਕਲਿੱਕ ਕੀਤੇ ਜਾਣ ਦੀ ਪ੍ਰਕਿਰਿਆ ਵਿੱਚ ਹੈ। ਇਸ ਲਿੰਕ ਦਾ ਮੂਲ ਰੰਗ ਲਾਲ ਹੁੰਦਾ ਹੈ। <BODY> ਟੈਗ ਕਿਸਮ ALINK = "?" ਨੂੰ ਬਦਲਣ ਲਈ ਰੰਗ ਜਾਂ ਰੰਗ ਕੋਡ ਦੇ ਨਾਂ ਦੀ ਵਰਤੋਂ ਕਰੋ, ਜਿਸ ਨੂੰ ਯੂਜ਼ਰ ਐਕਟਿਵ ਲਿੰਕ ਵਿੱਚ ਵਰਤਣਾ ਚਾਹੁੰਦਾ ਹੈ। |
| VLINK | ਐਟਰੀਬਿਊਟ ਵਿਜ਼ਿਟ ਕੀਤੇ ਜਾਣ ਤੋਂ ਬਾਅਦ ਲਿੰਕ ਦਾ ਰੰਗ ਨਿਰਧਾਰਿਤ ਕਰਦਾ ਹੈ। ਮੂਲ ਰੰਗ ਜਾਮਨੀ ਹੈ ਟੈਗ <Body> ਟੈਗ ਕਿਸਮ VLINK = "?" ਵਿੱਚ "?" ਨੂੰ ਵਾਲੇ ਰੰਗ ਜਾਂ ਰੰਗ ਕੋਡ ਦੇ ਨਾਂ ਨਾਲ, ਜਿਸ ਨੂੰ ਯੂਜ਼ਰ ਵਿਜ਼ਿਟ ਕੀਤੇ ਲਿੰਕ ਵਿੱਚ ਵਰਤਣਾ ਚਾਹੁੰਦਾ ਹੈ। |
| TOP MARGIN | ਇਹ ਵਿਸ਼ੇਸ਼ਤਾ ਵੈਬ ਪੇਜ ਦੇ TOPMARGIN ਨੂੰ ਸੈਟ ਕਰਨ ਲਈ ਵਰਤੀ ਜਾਂਦੀ ਹੈ। ਉਦਾਹਰਨ ਲਈ : <body TOPMARGIN = "VALUE" > |
| LEFT MARGIN | ਇਹ ਵਿਸ਼ੇਸ਼ਤਾ ਵੈਬ ਪੇਜ ਦੇ LEFTMARGIN ਨੂੰ ਸੈਟ ਕਰਨ ਲਈ ਵਰਤੀ ਜਾਂਦੀ ਹੈ। ਉਦਾਹਰਨ ਲਈ : <body LEFTMARGIN = "VALUE"> |

## 2.9 HTML ਡਾਕੂਮੈਂਟ ਵਿੱਚ ਫਾਰਮੈਟਿੰਗ

### 2.9.1 Heading ਟੈਗਸ:

Heading ਟੈਗ ਨੂੰ ਹੈਡਿੰਗ ਨੂੰ ਬਣਾਉਣ ਲਈ ਵਰਤਿਆ ਜਾਂਦਾ ਹੈ। ਇਸ ਹੈਡਿੰਗ (Heading) ਦੇ 6 ਪੱਧਰ ਹਨ। ਪੱਧਰਾਂ ਨੂੰ ਹੈਡਿੰਗ 1 ਤੋਂ 6 ਤੱਕ ਅੰਕਿਤ ਕੀਤਾ ਜਾਂਦਾ ਹੈ, ਦਿੱਤੇ ਗਏ ਸਾਰੇ ਪੱਧਰ ਦੇ ਹੈਡਿੰਗ ਇੱਕ ਹੀ ਫੌਂਟ ਵਿੱਚ ਹੁੰਦੇ ਹਨ । ਜਦੋਂ ਅਸੀਂ Heading 1 ਤੋਂ Heading 6 ਤੱਕ ਚਲੇ ਜਾਂਦੇ ਹਾਂ ਤਾਂ ਫੌਂਟ ਸਾਈਜ਼ ਘੱਟ ਜਾਂਦਾ ਹੈ। ਲੈਵਲ 1 ਦੇ Heading ਟੈਗਸ <H1> ਅਤੇ </H1> ਦੁਆਰਾ ਦਰਸਾਏ ਜਾਂਦੇ ਹਨ। ਇਸੇ ਤਰ੍ਹਾਂ ਲੈਵਲ 2 ਦੇ ਹੈਡਿੰਗ ਵਿੱਚ ਅਸੀਂ ਟੈਗ <H2> ਅਤੇ </H2> ਵਰਤਦੇ ਹਾਂ। <H6> ਸਭ ਤੋਂ ਨੀਵਾਂ ਪੱਧਰ ਹੈ ਇਸ ਵਿੱਚ ਫੌਂਟ ਦਾ ਆਕਾਰ ਛੋਟਾ ਹੁੰਦਾ ਹੈ। ਹੈਡਿੰਗ ਟੈਗ ਨੂੰ ਇੱਕ ਡਾਕੂਮੈਂਟ ਵਿੱਚ ਸਿਰਲੇਖ ਪਰਿਭਾਸ਼ਿਤ ਕਰਨ ਲਈ ਵਰਤਿਆ ਜਾਂਦਾ ਹੈ। HTML ਛੇ Heading (ਸਿਰਲੇਖ) ਦੇ ਪੱਧਰ H1 ਤੋਂ H6 ਨੂੰ ਸਪੋਰਟ ਕਰਦਾ ਹੈ। ਹੈਡਿੰਗ ਟੈਗ ਕੰਟੇਨਰ ਟੈਗ ਹੁੰਦਾ ਹੈ।

ਉਦਾਹਰਨ : <H1> Computer Education </H1>

ALIGN ਐਟਰੀਬਿਊਟ (ਵਿਸ਼ੇਸ਼ਤਾ) ਹੈਡਿੰਗ ਟੈਗ ਵਿੱਚ ਵਰਤਿਆ ਜਾਂਦਾ ਹੈ। ਇਹ ਟੈਕਸਟ ਨੂੰ ਇਕਸਾਰ ਕਰਦਾ ਹੈ। ALIGN ਐਟਰੀਬਿਊਟ ਤਿੰਨ ਤਰ੍ਹਾਂ ਦੇ ਹੁੰਦੇ ਹਨ। ਜਿਵੇਂ ਕਿ left, right, center (ਖੱਬੇ, ਸੱਜੇ ਅਤੇ ਕੇਂਦਰ) । ਇਹਨਾਂ ਨੂੰ ਇੱਕ ਉਦਾਹਰਨ ਵਜੋਂ ਵਿਖਾਇਆ ਕੀਤਾ ਗਿਆ ਹੈ ਜਿਵੇਂ ਕਿ ਚਿੱਤਰ 2.14 ਅਤੇ 2.15 ਵਿੱਚ HTML ਕੋਡ ਅਤੇ ਆਉਟਪੁੱਟ ਨਾਲ ਦਿਖਾਇਆ ਗਿਆ ਹੈ :




ਚਿੱਤਰ 2.14

ਚਿੱਤਰ 2.15

## 2.9.2 ਫੌਂਟ (FONT) : -

ਫੌਂਟ ਟੈਕਸਟ ਦਾ ਪਹਿਲਾਂ ਤੋਂ ਹੀ ਪ੍ਰਭਾਸ਼ਿਤ ਸਟਾਈਲ ਅਤੇ ਸਾਈਜ਼ ਹੁੰਦਾ ਹੈ, ਫੌਂਟ ਟੈਕਸਟ ਦਾ ਸਟਾਈਲ ਅਤੇ ਅਕਾਰ ਹੈ, ਜੋ ਅਸੀਂ ਆਪਣੇ ਡਾਕੂਮੈਂਟ ਵਿੱਚ ਵਰਤ ਰਹੇ ਹਾਂ। ਇਹ ਸਾਨੂੰ ਕਿਸੇ ਦਿੱਤੇ ਵੈਬ ਪੇਜ ਤੇ ਸਾਡੇ ਡਾਟਾ ਨੂੰ ਫੌਰਮੈਟ ਕਰਨ ਲਈ ਸਹਾਇਕ ਹੈ। ਫੌਂਟ ਦੀਆਂ ਚਾਰ ਮੁੱਖ ਵਿਸ਼ੇਸ਼ਤਾਵਾਂ ਹਨ ਸਟਾਈਲ, ਫੇਸ, ਅਕਾਰ ਅਤੇ ਰੰਗ

**2.9.2.1. Font** Style : ਫੌਂਟ ਸਟਾਈਲ (ਸ਼ੈਲੀ) ਨੂੰ ਤਿੰਨ ਤਰੀਕਿਆਂ ਨਾਲ ਬਦਲਿਆ ਜਾ ਸਕਦਾ ਹੈ- ਬੋਲਡ, ਇਟਾਲੀਕ ਅਤੇ ਅੰਡਰਲਾਈਨ।

**2.9.2.2 Font face :** ਫੌਂਟ ਫੇਸ, ਟੈਕਸਟ ਦੇ ਅੱਖਰ ਬਦਲਦਾ ਹੈ, ਫੇਸ ਟੈਕਸਟ ਦੇ ਲਈ ਵਰਤੇ ਜਾਣ ਵਾਲੇ ਟਾਈਪ ਫੇਸ ਨੂੰ ਪ੍ਰਭਾਸ਼ਿਤ ਕਰਦਾ ਹੈ ਉਦਾਹਰਨ `<FONT FACE="ARIAL">WELCOME TO HTML</FONT>` ਜਿਵੇਂ ਕਿ ਚਿੱਤਰ 2.16 ਅਤੇ 2.17 ਵਿੱਚ HTML ਕੋਡ ਅਤੇ ਆਉਟਪੁੱਟ ਨਾਲ ਦਿਖਾਇਆ ਗਿਆ ਹੈ :







ਚਿੱਤਰ 2.16

ਚਿੱਤਰ 2.17

**2.9.2.3. FONT COLOR** : ਫੌਂਟ ਕਲਰ ਵਰਤੇ ਜਾਣ ਵਾਲੇ ਫੌਂਟ ਦਾ ਰੰਗ ਦੱਸਦੀ ਹੈ। ਇਸ ਨੂੰ ਇੱਕ ਉਦਾਹਰਨ ਦੇ ਰਾਹੀਂ ਪਰਿਭਾਸ਼ਿਤ ਕਰਕੇ ਵਿਖਾਇਆ ਗਿਆ ਹੈ।

```
<FONT FACE="ARIAL" color="RED">WELCOME TO HTML</FONT>
```

ਜਿਵੇਂ ਕਿ ਚਿੱਤਰ 2.18 ਅਤੇ 2.19 ਵਿੱਚ HTML ਕੋਡ ਅਤੇ ਆਉਟਪੁੱਟ ਨਾਲ ਦਿਖਾਇਆ ਗਿਆ ਹੈ :







ਚਿੱਤਰ 2.18

ਚਿੱਤਰ 2.19

4. FONT SIZE : ਫੌਂਟ ਸਾਈਜ਼, ਫੌਂਟ ਦੇ ਆਕਾਰ ਨੂੰ ਪਰਿਭਾਸ਼ਿਤ ਕਰਦਾ ਹੈ। ਇਸ ਵਿੱਚ 1 ਤੋਂ 7 ਦੇ ਮੁੱਲ ਹਨ, ਜਿਸ ਵਿੱਚ 1 ਸਭ ਤੋਂ ਛੋਟਾ ਹੈ ਅਤੇ 7 ਸਭ ਤੋਂ ਵੱਡਾ ਹੈ। ਫੌਂਟ ਸਾਈਜ਼ ਦੀ ਡਿਫਾਲਟ ਫੌਂਟਸਾਈਜ਼ ਵੈਲਿਊ 2 ਹੈ। ਫੌਂਟ ਸਾਈਜ਼ 1 ਦਾ ਅਰਥ ਹੈ 6 ਪੁਆਇੰਟ, 2 ਦਾ ਮਤਲਬ 12 ਪੁਆਇੰਟ ਇਸੇ ਤਰਾਂ ਬਾਕੀ।
   ਫੌਂਟ ਅਤੇ ਇਸ ਦੇ ਐਟਰੀਬਿਊਟਸ ਨੂੰ ਉਦਾਹਰਨ ਵਜੋਂ ਪਰਿਭਾਸ਼ਿਤ ਕੀਤੇ ਗਏ ਹਨ ਜਿਵੇਂ ਕਿ ਚਿੱਤਰ 2.20 ਅਤੇ 2.21 ਵਿੱਚ HTML ਕੋਡ ਅਤੇ ਆਉਟਪੁੱਟ ਦਿਖਾਇਆ ਗਿਆ ਹੈ :




```
<HTML>
<HEAD>
<TITLE> font tag and its attributes</TITLE>
</HEAD>
<BODY>
<font size="3" color="red">Text is red with font size 3</font>
<font size="2" color="blue">size=2 color=blue!</font>
<font face="verdana" color="green" size=5>color="green"size=5
font=verdana!</font>
</BODY>
</HTML>
```

ਚਿੱਤਰ 2. 20

ਚਿੱਤਰ 2. 21

## 2.9.3 ਪੈਰਾਗ੍ਰਾਫ <P> ਟੈਗ :-

ਇੱਕ ਵੱਡੇ ਡਾਕੂਮੈਂਟ ਨੂੰ ਕਿਸੇ ਵੈੱਬਪੇਜ ਵਿੱਚ ਸਿਫਾਰਸ਼ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਅਸਾਨੀ ਨਾਲ ਐਡਿਟ ਨਹੀਂ ਕੀਤਾ ਜਾ ਸਕਦਾ। ਇਸ ਲਈ, ਟੈਕਸਟ ਜਾਂ ਡਾਕੂਮੈਂਟ ਨੂੰ ਵੰਡਣ ਦੀ ਜ਼ੋਰਦਾਰ ਸਿਫਾਰਸ਼ ਕੀਤੀ ਜਾਂਦੀ ਹੈ। ਜੋ ਕਿ <P>ਟੈਗ ਨਾਲ ਸੰਭਵ ਹੈ। ਇਹਨਾਂ ਵਿੱਚੋਂ, ਆਪਣੇ ਆਪ ਬ੍ਰਾਊਜ਼ਰ ਦੁਆਰਾ ਪੈਰਾਗ੍ਰਾਫ ਤੋਂ ਪਹਿਲਾਂ ਅਤੇ ਬਾਅਦ ਵਿੱਚ ਇੱਕ ਖਾਲੀ ਲਾਈਨ ਇਨਸਰਟ ਕਰ ਦਿੱਤੀ ਜਾਂਦੀ ਹੈ।

ਉਦਾਹਰਨ <BODY> Computer is an electronic Machine. It is a data processing machine. <P> and has memory </P> <BODY>

<P> ਅਤੇ </P> ਇਹ ਸ਼ੁਰੂ ਅਤੇ ਖਤਮ ਹੋਣ ਵਾਲਾ ਕੰਨਟੇਨਰ ਦੋਨੇ ਹਨ ਪੈਰਾਗ੍ਰਾਫ ਟੈਗ ਦੇ ਐਟਰੀਬਿਊਟ ਦੀ ਹੇਠ ਵਿਆਖਿਆ ਕੀਤੀ ਗਈ ਹੈ :-

ਟੈਗ <P> ਦੇ ਬਾਅਦ ਟੈਕਸਟ ਆਟੋਮੈਟਕਿਲੀ ਨਵੀਂ ਲਾਈਨ ਤੇ ਜਾਏਗਾ।

<P ALIGN="LEFT">
<P ALIGN="JUSTIFY">
<P ALIGN="CENTER">

ਇਸ ਟੈਗ ਨੂੰ ਉਦਾਹਰਨ ਦੇ ਨਾਲ ਪਰਿਭਾਸ਼ਿਤ ਕੀਤਾ ਗਿਆ ਹੈ। ਜਿਵੇਂ ਕਿ ਚਿੱਤਰ 2.22 ਅਤੇ 2.23 ਵਿੱਚ HTML ਕੋਡ ਅਤੇ ਆਊਟਪੁੱਟ ਦਿਖਾਇਆ ਗਿਆ ਹੈ।



```
<HTML>
<HEAD>
<TITLE> MY WEBPAGE with PARAGRAPH TAG</TITLE>
</HEAD>
<BODY>
<P ALIGN="JUSTIFY">The paragraph tags are used to
define a block of text as a paragraph.</P>
<P ALIGN="RIGHT"> This HTML element is
one of the basic HTML tags you should learn to
use properly.</P>
<P ALIGN="CENTER">When a block of text is surrounded
 by the paragraph tags, the browser automatically
adds white space before and after the paragraph.</P>
</BODY>
</HTML>
```

ਚਿੱਤਰ 2. 22




ਚਿੱਤਰ 2. 23

### 2.9.4 ਐਮਪਟੀ ਟੈਗ :

2.9.4.1 BREAK TAG <BR>: ਬਰੇਕ <br> ਟੈਗ ਨੂੰ ਨਵੀਂ ਲਾਈਨ ਤੋਂ ਟੈਕਸਟ ਨੂੰ ਅਰੰਭ ਕਰਨ ਲਈ ਵਰਤਿਆ ਜਾਂਦਾ ਹੈ। ਪੈਰਾਗ੍ਰਾਫ ਟੈਗ ਵਾਂਗ ਇਹ ਟੈਗ ਇੱਕ ਖਾਲੀ ਲਾਈਨ ਸਪੇਸ ਨਹੀਂ ਛੱਡਦੀ। <BR> ਟੈਗ ਦੀ ਵਰਤੋਂ ਕਰਦੇ ਹੋਏ ਟੈਕਸਟ ਨਵੀਂ ਲਾਈਨ ਤੇ ਚਲਾ ਜਾਂਦਾ ਹੈ। ਟੈਗ <BR> ਲਾਈਨ ਬਰੇਕ ਲਈ ਇੱਕ ਚਿੰਨ੍ਹ ਹੈ। <br> ਟੈਗ ਇੱਕ ਸਿੰਗਲ ਲਾਈਨ ਬ੍ਰੇਕ ਸ਼ਾਮਿਲ ਕਰਦਾ ਹੈ। <br> ਟੈਗ ਇੱਕ ਖਾਲੀ ਟੈਗ ਹੈ ਜਿਸ ਦਾ ਮਤਲਬ ਹੈ ਕਿ ਇਸ ਦਾ ਕੋਈ ਕਲੋਜ਼ਿੰਗ (ਅੰਤ) ਟੈਗ ਨਹੀਂ ਹੈ। ਇਹ ਇੱਕ ਉਦਾਹਰਨ ਦੇ ਨਾਲ ਪਰਿਭਾਸ਼ਿਤ ਕੀਤਾ ਗਿਆ ਹੈ, ਜਿਵੇਂ ਕਿ ਚਿੱਤਰ 2.24 ਅਤੇ 2.25 ਵਿੱਚ HTML ਕੋਡ ਅਤੇ ਆਊਟਪੁੱਟ ਦਿਖਾਇਆ ਗਿਆ ਹੈ।




ਚਿੱਤਰ 2. 24




ਚਿੱਤਰ 2. 25

### ਪੈਰਾਗ੍ਰਾਫ ਟੈਗ ਅਤੇ ਬਰੇਕ ਟੈਗ ਵਿਚਕਾਰ ਅੰਤਰ :

| Paragraph <P> Tag | Break <BR>Tag |
|---|---|
| ਟੈਗ ਇੱਕ ਕੰਟੇਨਰ ਐਲੀਮੈਂਟ (ਤੱਤ) ਹੁੰਦਾ ਹੈ ਜੋ ਕਿਸੇ ਵੈਬਪੇਜ ਵਿੱਚ ਪੈਰਾਗ੍ਰਾਫ ਦੇ ਤੌਰ ਤੇ ਟੈਕਸਟ ਦਾ ਬਲਾਕ ਦਿੰਦਾ ਹੈ ਅਤੇ ਵੈਬ ਬ੍ਰਾਊਜ਼ਰ ਦੋ ਪੈਰਿਆਂ ਦੇ ਵਿਚਕਾਰ ਇੱਕ ਲਾਈਨ ਛੱਡ ਜਾਂਦਾ ਹੈ। ਇਸ ਟੈਗ ਵਿੱਚ ਇੱਕ ਐਟਰੀਬਿਊਟ ALIGN ਹੈ, ਜੋ ਕਿ ਤਿੰਨ ਮੁੱਲ - left, right and center (ਖੱਬੇ, ਸੱਜੇ ਅਤੇ ਕੇਂਦਰ) ਲੈ ਸਕਦਾ ਹੈ, <P> ਟੈਗ ਇੱਕ ਪੈਰਾ ਨੂੰ ਸੰਕੇਤ ਕਰਦਾ ਹੈ ਅਤੇ </p> ਨਾਲ ਖਤਮ ਹੁੰਦਾ ਹੈ। ਇਹ ਇੱਕ ਕੰਟੇਨਰ ਟੈਗ ਹੁੰਦਾ ਹੈ। | ਟੈਗ ਇੱਕ ਐਮਪਟੀ ਐਲੀਮੈਂਟ ਹੈ ਜੋ ਇੱਕ ਲਾਈਨ ਨੂੰ ਤੋੜਨ ਅਤੇ ਅਗਲੀ ਲਾਈਨ ਤੋਂ ਜਾਰੀ ਟੈਕਸਟ ਨੂੰ ਬਿਨਾਂ ਦੋ ਸਤਰਾਂ ਵਿੱਚ ਕੋਈ ਸਪੇਸ ਦਿੱਤੇ ਬਗੈਰ ਪ੍ਰਦਰਸ਼ਿਤ ਕਰਨ ਲਈ ਵਰਤੀ ਜਾਂਦੀ ਹੈ, ਇਸ ਦਾ ਕੋਈ ਐਟਰੀਬਿਊਟ ਨਹੀਂ ਹੈ। <br> ਇੱਕ ਲਾਈਨ ਬ੍ਰੇਕ ਹੈ ਅਤੇ ਇੱਕ ਐਮਪਟੀ ਟੈਗ ਹੈ। |
| ਇਸ ਟੈਗ ਨੂੰ ਤੁਹਾਡੇ ਟੈਕਸਟ ਨਾਲ ਪੈਰਾਗ੍ਰਾਫ ਪ੍ਰਭਾਸ਼ਿਤ ਕਰਨ ਲਈ ਵਰਤਿਆ ਜਾਂਦਾ ਹੈ। | ਇਹ ਟੈਗ ਇੱਕ ਸਾਧਾਰਨ ਲਾਈਨ ਬ੍ਰੇਕ ਹੈ, ਇਹ ਕੇਵਲ ਕਿਸੇ ਵੀ ਸਪੇਸਿੰਗ ਜਾਂ ਫਾਰਮੈਟਿੰਗ ਚੋਣਾਂ ਦੇ ਬਿਨਾਂ ਅਗਲੀ ਲਾਈਨ ਤੇ ਜੰਪ ਕਰਦਾ ਹੈ। |
| ਉਦਾਹਰਨ<br>:- <p>hello world</p> | ਉਦਾਹਰਨ<br>:- Hello<br>world! |

### 2.9.4.2 ਐੱਚ. ਆਰ ਟੈਗ (HR Tag) :

<HR> ਟੈਗ ਨੂੰ ਵੈੱਬ ਪੇਜ ਤੇ ਲੇਟਵੀਆਂ ਰੇਖਾਵਾਂ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ। ਇਸ ਦੇ ਐਟਰੀਬਿਊਟ ਹਨ :

- Size: (ਆਕਾਰ) : ਇਹ ਲਾਈਨ ਦੀ ਮੋਟਾਈ ਨੂੰ ਸੈੱਟ ਕਰਨ ਲਈ ਵਰਤੀ ਜਾਂਦੀ ਹੈ।
- Width : (ਚੌੜਾਈ) : ਇਹ ਲਾਈਨ ਦੀ ਲੰਬਾਈ ਨੂੰ ਸੈੱਟ ਕਰਨ ਲਈ ਵਰਤੀ ਜਾਂਦੀ ਹੈ।
- Align : ਇਹ ਲਾਈਨ ਦੀ Alignment ਨੂੰ ਸੈੱਟ ਕਰਨ ਲਈ ਵਰਤੀ ਜਾਂਦੀ ਹੈ।
- Color : ਇਹ ਲਾਈਨ ਦੇ ਰੰਗ ਨੂੰ ਸੈੱਟ ਕਰਨ ਵਰਤਿਆ ਜਾਂਦਾ ਹੈ। ਇਹਨਾਂ ਨੂੰ ਚਿੱਤਰ 2.26 ਅਤੇ 2.27 ਵਿੱਚ ਸਮਝਾਇਆ ਗਿਆ ਹੈ।




ਚਿੱਤਰ 2. 26




ਚਿੱਤਰ 2. 27

## 2.10 ਲਿਸਟਾਂ (Lists) :

ਵੈਬ ਤੋਂ ਸੂਚਨਾ ਪ੍ਰਾਪਤ ਕਰਦੇ ਹੋਏ ਯੂਜ਼ਰ ਵੈਬਸਾਈਟ ਤੋਂ ਕੇਵਲ ਲੋੜੀਂਦੀ ਜਾਣਕਾਰੀ ਨੂੰ ਪੜਨਾ ਪਸੰਦ ਕਰਦਾ ਹੈ। ਇਸ ਲਈ Lists (ਸੂਚੀਆਂ) ਕੁਝ ਲਾਈਨਾਂ ਦੇ ਰੂਪ ਵਿੱਚ ਮਹੱਤਵਪੂਰਨ ਜਾਣਕਾਰੀ ਨੂੰ ਪਰਿਭਾਸ਼ਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਦੀਆਂ ਹਨ ਜਿਵੇਂ ਕਿ ਅਸੀਂ ਦੋ ਵੱਖ-ਵੱਖ ਚੀਜ਼ਾਂ ਵਿਚਕਾਰ ਫਰਕ ਕਰਨਾ ਚਾਹੁੰਦੇ ਹਾਂ, ਫਿਰ ਸੂਚੀਆਂ ਦੇ ਰੂਪ ਵਿੱਚ ਇਸ ਨੂੰ ਪੇਸ਼ ਕਰਨਾ ਬਿਹਤਰ ਹੋਵੇਗਾ।

HTML ਵਿੱਚ ਹੇਠ ਦਿੱਤੀਆਂ ਤਿੰਨ ਕਿਸਮਾਂ ਦੀਆਂ Lists (ਸੂਚੀਆਂ) ਹੁੰਦੀਆਂ ਹਨ : -

1. Ordered or Numbered List (ਆਰਡਰਡ ਸੂਚੀ)
2. Unordered or Bulleted List (ਅਨਆਰਡਰਡ ਸੂਚੀ)
3. Definition List (ਡੈਫੀਨੇਸ਼ਨ ਸੂਚੀ)

### 2.10.1 Ordered or Numbered List (ਆਰਡਰਡ ਸੂਚੀ) :-

ਇਸ ਨੂੰ Ordered or Numbered List ਦੇ ਤੌਰ ਤੇ ਜਾਣਿਆ ਜਾਂਦਾ ਹੈ ਇੱਕ ਵਿਸ਼ੇਸ਼ ਜਾਂ ਲੜੀਵਾਰ (ਕ੍ਰਮਬੱਧ) ਕ੍ਰਮ ਵਿੱਚ ਇੱਕ ਸੂਚੀ ਨੂੰ ਪ੍ਰਭਾਸ਼ਿਤ ਕਰਨ ਲਈ ਵਰਤਿਆ ਜਾਂਦਾ ਹੈ ਜਿਸ ਵਿੱਚ ਨੰਬਰ ਵਰਤੇ ਜਾਂਦੇ ਹਨ। ਆਰਡਰਡ ਸੂਚੀ ਲਈ ਵਰਤਿਆ ਜਾਣ ਵਾਲਾ ਬੁਨਿਆਦੀ ਟੈਗ <OL> ਟੈਗ ਅਤੇ ਸੂਚੀ ਦੇ ਅੰਤ ਲਈ </OL> ਹੈ। ਹਰੇਕ ਆਈਟਮ ਨੂੰ <LI> (ਲਿਸਟ ਆਈਟਮ) ਟੈਗ ਨਾਲ ਮਾਰਕ ਕੀਤਾ ਗਿਆ ਹੈ। ਮੂਲ ਰੂਪ ਵਿੱਚ ਸੂਚੀ 1 ਨਾਲ ਸ਼ੁਰੂ ਹੁੰਦੀ ਹੈ। ਪਰ ਉਪਭੋਗਤਾ ਸ਼ੁਰੂਆਤੀ ਨੰਬਰ ਨੂੰ ਬਦਲ ਸਕਦਾ ਹੈ।

ਵਰਤੇ ਗਏ ਐਟਰੀਬਿਊਟਸ :- ਇੱਕ ਆਰਡਰ ਸੂਚੀ ਵਿੱਚ Type ਐਟਰੀਬਿਊਟਸ ਵਰਤਿਆ ਜਾਂਦਾ ਹੈ। ਜਿਸ ਦਾ ਮੁੱਲ ਹਨ ਜੋ 1(Arabic),A(upper case letter),a(Lower case letters),I(Upper case Romans),i (Lower case Romans) ਦੇ ਰੂਪ ਵਿੱਚ ਹੋ ਸਕਦਾ ਹੈ।

ਉਦਾਹਰਨ <OL type="I">

ਦੂਜੀ ਐਟਰੀਬਿਊਟਸ START ਹੈ, ਜਿਸ ਵਿੱਚ ਯੂਜ਼ਰ ਆਰਡਰ ਸੂਚੀ ਵਿੱਚ ਆਪਣੇ ਸ਼ੁਰੂਆਤ ਮੁੱਲ ਨੂੰ ਪਰਿਭਾਸ਼ਿਤ ਕਰ ਸਕਦਾ ਹੈ।

ਉਦਾਹਰਨ <OL Start="5" Type="i" >

Ordered List ਦੀ ਉਦਾਹਰਨ ਹੇਠ ਦਿੱਤੇ ਅਨੁਸਾਰ ਹੈ ਜਿਵੇਂ ਕਿ ਚਿੱਤਰ 2.28 ਅਤੇ 2.29 ਵਿੱਚ HTML ਕੋਡ ਅਤੇ ਆਉਟਪੁੱਟ ਦਿਖਾਇਆ ਗਿਆ ਹੈ।




ਚਿੱਤਰ 2. 28




ਚਿੱਤਰ 2. 29

## 2.10.2 ਅਨ ਆਡਰਡ ਲਿਸਟ (Unordered or Bulleted List) :

ਉਹ ਸੂਚੀਆਂ ਜਿਹਨਾਂ ਕੋਲ ਇੱਕ ਦੂਜੇ ਨਾਲ ਸੰਬੰਧਿਤ ਜਾਣਕਾਰੀ ਹੁੰਦੀ ਹੈ, ਪਰ ਉਹਨਾਂ ਦਾ ਕ੍ਰਮ ਮਹੱਤਵਪੂਰਨ ਨਹੀ ਹੁੰਦਾ। ਇਹਨਾਂ ਨੂੰ ਬੁਲੇਟਿਡ ਲਿਸਟ ਕਿਹਾ ਜਾਂਦਾ ਹੈ। ਇਸ ਦਾ ਸ਼ੁਰੂਆਤੀ ਟੈਗ <UL> ਅਤੇ ਐਡਿੰਗ ਟੈਗ </UL> ਟੈਗ ਦੇ ਤੌਰ ਤੇ ਹੈ। ਹਰੇਕ ਆਈਟਮ <LI> ਟੈਗ ਨਾਲ ਮਾਰਕਡ ਹੈ ਜੋ ਸੂਚੀ ਆਈਟਮ ਲਈ ਵਰਤਿਆ ਜਾਂਦਾ ਹੈ। ਅਸੀਂ ਇਸ ਵਿੱਚ ਕਿਸੇ ਵੀ ਆਈਟਮ ਨੂੰ ਜੋੜ ਸਕਦੇ ਹਾਂ ਇਹ ਉਦਾਹਰਨ ਦੇ ਨਾਲ ਪ੍ਰਿਭਾਸ਼ਿਤ ਕੀਤਾ ਗਿਆ ਹੈ ਜਿਵੇਂ ਕਿ ਚਿੱਤਰ 2.30 ਅਤੇ 2.31 ਵਿੱਚ HTML ਕੋਡ ਅਤੇ ਆਉਟਪੁੱਟ ਦਿਖਾਇਆ ਗਿਆ ਹੈ।




ਚਿੱਤਰ 2. 30




ਚਿੱਤਰ 2. 31

ਬੁਲੇਟ ਸੂਚੀ ਲਈ ਵਰਤਿਆ ਜਾਣ ਵਾਲਾ ਡਿਫਾਲਟ ਐਟਰੀਬਿਊਟ ਡਿਸਕ ਵਜੋਂ ਇਸਤੇਮਾਲ ਕੀਤਾ ਜਾਂਦਾ ਹੈ। ਪਰ ਅਸੀਂ ਕਿਸੇ ਵੀ ਐਟਰੀਬਿਊਟ ਨੂੰ ਟਾਈਪ ਦੇ ਤੌਰ ਤੇ ਵਰਤ ਕੇ ਇਹਨਾਂ ਬੁਲੇਟ ਨੂੰ ਬਦਲ ਸਕਦੇ ਹਾਂ, ਇਹ ਜ਼ਰੂਰਤ ਅਨੁਸਾਰ <UL> ਅਤੇ <LI> ਟੈਗ ਵਿੱਚ ਵਰਤਿਆ ਜਾ ਸਕਦਾ ਹੈ।

ਇਸ ਐਟਰੀਬਿਊਟ ਦੀ ਵੈਲਿਊਜ਼ ਹੇਠ ਲਿਖੇ ਅਨੁਸਾਰ ਹੈ।

Disc(•)
CIRCLE(O)
SQUARE(■)

ਇਹਨਾਂ ਦੀ ਵਿਆਖਿਆ ਇੱਕ ਉਦਾਹਰਨ ਨਾਲ ਪਰਭਾਸ਼ਿਤ ਕੀਤੀ ਗਈ ਹੈ ਜਿਵੇਂ ਕਿ ਚਿੱਤਰ 2.32 ਅਤੇ 2.33 ਵਿੱਚ HTML ਕੋਡ ਅਤੇ ਆਊਟਪੁੱਟ ਦਿਖਾਇਆ ਗਿਆ ਹੈ।




ਚਿੱਤਰ 2.32




ਚਿੱਤਰ 2. 33

## 2.10.3 ਆਰਡਰਡ ਲਿਸਟ ਅਤੇ ਅਨਆਰਡਰ ਲਿਸਟ ਦੇ ਵਿੱਚ ਅੰਤਰ :

| Ordered List | Unordered List |
|---|---|
| 1. ਇੱਕ ਆਰਡਰਡ ਲਿਸਟ ਵਿੱਚ ਸੂਚੀ ਆਈਟਮ ਦਾ ਕ੍ਰਮ ਮਹੱਤਵਪੂਰਨ ਹੈ। ਜੇ ਅਸੀਂ ਆਰਡਰ ਬਦਲਦੇ ਹਾਂ, ਤਾਂ ਪੂਰੀ ਸੂਚੀ ਵਿੱਚ ਤਬਦੀਲੀ ਹੋ ਜਾਂਦੀ ਹੈ। | 1. ਇੱਕ ਅਨਆਰਡਰ ਲਿਸਟ ਵਿੱਚ, ਚੀਜ਼ਾਂ ਦਾ ਕ੍ਰਮ ਮਹੱਤਵਪੂਰਨ ਨਹੀਂ ਹੁੰਦਾ। ਅਸੀਂ ਦੋ ਚੀਜ਼ਾਂ ਨੂੰ ਸਵੈਪ ਕਰ ਸਕਦੇ ਹਾਂ ਜਾਂ ਸਾਰੀ ਸੂਚੀ ਨੂੰ ਰਿਵਰਸ ਕਰ ਸਕਦੇ ਹਾਂ, ਅਤੇ ਫਿਰ ਵੀ ਉਸ ਸੂਚੀ ਵਿੱਚ ਕੋਈ ਫਰਕ ਨਹੀਂ ਪੈਂਦਾ ਹੈ। |
| 2. ਆਰਡਰਡ ਲਿਸਟ <OL> ਨਾਲ ਸ਼ੁਰੂ ਹੁੰਦੀ ਹੈ ਅਤੇ </OL> ਟੈਗ ਨਾਲ ਖਤਮ ਹੁੰਦੀ ਹੈ। | 2. ਅਨਆਰਡਰ ਲਿਸਟ ਸੂਚੀ <UL> ਨਾਲ ਸ਼ੁਰੂ ਹੁੰਦੀ ਹੈ ਅਤੇ </Ul>ਟੈਗ ਨਾਲ ਖਤਮ ਹੁੰਦੀ ਹੈ। |
| 3. OL ਕੰਟੇਨਰ ਟੈਗਸ ਹੈ। | 3. <UL> ਕੰਟੇਨਰ ਟੈਗਸ ਹੈ। |
| 4. OL ਕੋਲ ਇੱਕ <LI> (ਲਿਸਟ ਆਈਟਮ) ਟੈਗ ਹੈ ਜੋ ਲਿਸਟ ਵਿੱਚ ਲਿਸਟ ਆਈਟਮ ਨੂੰ ਪਰਿਭਾਸ਼ਿਤ ਕਰਦਾ ਹੈ। | 4. <UL> ਕੋਲ ਇੱਕ <LI> (ਲਿਸਟ ਆਈਟਮ) ਟੈਗ ਹੈ ਜੋ ਲਿਸਟ ਵਿੱਚ ਲਿਸਟ ਆਈਟਮ ਨੂੰ ਪਰਿਭਾਸ਼ਿਤ ਕਰਦਾ ਹੈ। |
| 5. ਇੱਕ ਆਰਡਰਡ ਲਿਸਟ ਵਿੱਚ ਵਰਤੀ ਗਈ ਐਟਰੀਬਿਊਟ TYPE ਹੈ ਜਿਸ ਦਾ ਮੁੱਲ ਹੈ 1(Arabic), A(upper case letter), a(Lower case letters), I(Upper case Romans),i(Lower case Romans). ਉਦਾਹਰਨ <OL type="I"> | 5. ਇੱਕ ਅਨਆਰਡਰਡ ਲਿਸਟ ਵਿੱਚ ਵਰਤੀ ਗਈ ਐਟਰੀਬਿਊਟ TYPE ਹੈ ਜਿਸ ਦਾ ਮੁੱਲ ਹੈ "Disc(•)", "CIRCLE(O)", and "SQUARE(■)". ਉਦਾਹਰਨ <UL type="disc"> |
| 6. ਬਾਈ ਡਿਫਾਲਟ Type ATTRIBUTE ਦਾ ਮੁੱਲ 1 ਹੈ। | 6. ਬਾਈ ਡਿਫਾਲਟ Type ATTRIBUTE ਦਾ ਮੁੱਲ "Disc(•)", ਹੈ। |

## 2.10.4 ਡੈਫੀਨੇਸ਼ਨ ਲਿਸਟ (Definition List):-

DEFINITION LIST ਵਿੱਚ ਆਮ ਤੌਰ ਤੇ ਵੱਖ-ਵੱਖ ਸ਼ਬਦਾਂ ਦੀ ਪਰਿਭਾਸ਼ਾ ਅਤੇ ਉਹਨਾਂ ਦੇ ਅਰਥ ਸ਼ਾਮਲ ਹੁੰਦੇ ਹਨ। ਇਹ <DL> ਨਾਲ ਸ਼ੁਰੂ ਹੋ ਕੇ </DL> ਨਾਲ ਸਮਾਪਤ ਹੁੰਦੀ ਹੈ। ਇਸ ਦੇ ਦੋ ਮੁੱਖ ਟੈਗਸ ਹੁੰਦੇ ਹਨ। Definition term <DT> ਅਤੇ Definition description <DD> ਇਹਨਾਂ ਨੂੰ ਅੱਗੇ ਦਿੱਤੇ ਉਦਾਹਰਨ ਵਿੱਚ ਸਮਝਾਇਆ ਗਿਆ ਹੈ। ਜਿਵੇਂ ਕਿ ਚਿੱਤਰ 2.34 ਅਤੇ 2.35 ਵਿੱਚ HTML ਕੋਡ ਅਤੇ ਆਉਟਪੁੱਟ ਦੇ ਰੂਪ ਵਿੱਚ ਦਰਸਾਇਆ ਗਿਆ ਹੈ।




ਚਿੱਤਰ 2. 34




ਚਿੱਤਰ 2. 35

### 2.10.5 ਨੈਸਟਿਡ ਲਿਸਟ (Nested Lists):-

ਜਦੋਂ ਸੂਚੀ ਨੂੰ ਹੋਰ ਸੂਚੀ ਵਿੱਚ ਇਨਸਰਟ ਕੀਤਾ ਜਾਂਦਾ ਹੈ ਤਾਂ ਇਸ ਨੂੰ (ਨੈਸਟਿਡ ਲਿਸਟ) ਵਜੋਂ ਜਾਣਿਆ ਜਾਂਦਾ ਹੈ। ਅਸੀਂ ਹੇਠ ਦਿੱਤੀ ਉਦਾਹਰਨ ਨਾਲ ਨੈਸਟਿਡ ਲਿਸਟ ਦੀ ਵਿਆਖਿਆ ਕਰ ਸਕਦੇ ਹਾਂ ਜਿਵੇਂ ਕਿ ਚਿੱਤਰ 2.31 ਅਤੇ 2.32 ਵਿੱਚ HTML ਕੋਡ ਅਤੇ ਆਉਟਪੁੱਟ ਨਾਲ ਦਿਖਾਇਆ ਗਿਆ ਹੈ।




ਚਿੱਤਰ 2. 36




ਚਿੱਤਰ 2. 37

## 2.11 ਇਮੇਜ਼ (IMAGES):-

ਹੁਣ ਅਸੀਂ HTML ਵਿੱਚ ਇੱਕ ਬਹੁਤ ਹੀ ਵਧੀਆ, ਟੈਕਸਟ ਆਧਾਰਿਤ ਹੋਮ ਪੇਜ਼ ਲਿਖਣ ਲਈ ਕਾਫ਼ੀ ਜਾਣਦੇ ਹਾਂ ਪਰ ਇਹ ਵੈਬ ਦੀ ਯੋਗਤਾ ਹੈ ਜੋ ਕਿ ਤਸਵੀਰ, ਟੈਕਨੀਕਲ ਤੌਰ ਤੇ ਈਮੇਜ਼, ਗਰਾਫਿਕਸ ਜਾਂ ਕਈ ਵਾਰ ਆਈਕਨ ਮੁਹੱਈਆ ਕਰਦੀ ਹੈ। ਜਿਸ ਨੇ ਇਸ ਨੂੰ ਬਹੁਤ ਪ੍ਰਸਿੱਧ ਬਣਾ ਦਿੱਤਾ ਹੈ। ਹੇਠਲੇ ਹਿੱਸੇ ਵਿੱਚ ਅਸੀਂ ਸਿੱਖਾਂਗੇ ਕਿ ਇੱਕ ਚਿੱਤਰ ਅਤੇ ਇਸ ਦੇ ਐਟਰੀਬਿਊਟ ਵੈੱਬ ਪੇਜ਼ ਤੇ ਕਿਸ ਤਰ੍ਹਾਂ ਲਗਾਉਣੇ ਹਨ। ਵਰਤੇ ਜਾਂਦੇ ਕਈ ਗਰਾਫਿਕਸ ਫਾਰਮੈਟ .jpeg,.jpg,.gif,.png ਆਦਿ ਹਨ।

ਇੱਕ ਵੈੱਬਪੇਜ ਤੇ ਇੱਕ ਚਿੱਤਰ ਨੂੰ ਲਗਾਉਣ ਲਈ, ਵਰਤਿਆ ਗਿਆ ਟੈਗ <img SRC = "" FILENAME>" ਹੈ। ਇੱਥੇ SRC ਚਿੱਤਰ ਦਾ ਸਰੋਤ ਪਰਿਭਾਸ਼ਤ ਕਰਦਾ ਹੈ ਅਤੇ ਫਾਇਲ ਨੂੰ ਚੁਣੇ ਹੋਏ ਚਿੱਤਰ ਦੇ ਐਕਸਟੈਨਸ਼ਨ ਦੇ ਨਾਲ ਪਰਿਭਾਸ਼ਿਤ ਕਰਦਾ ਹੈ।

**ਨੋਟ :- ਈਮੇਜ਼ ਫਾਈਲ ਦਾ ਸਥਾਨ ਸਹੀ ਤਰ੍ਹਾਂ ਪਰਭਾਸ਼ਿਤ ਹੋਣਾ ਚਾਹੀਦਾ ਹੈ, ਭਾਵ ਫਾਈਲ ਉਸੇ ਫੋਲਡਰ ਵਿੱਚ ਹੈ ਜਿਸ ਵਿੱਚ ਵੈਬ ਪੇਜ ਨੂੰ ਸਟੋਰ ਕੀਤਾ ਜਾਂਦਾ ਹੈ ਜਾਂ ਯੂਜ਼ਰ ਨੂੰ ਫਾਈਲ ਦਾ ਪੂਰਾ ਪਾਥ (ਮਾਰਗ) ਪਰਿਭਾਸ਼ਿਤ ਕਰਨਾ ਹੁੰਦਾ ਹੈ।**

ਉਦਾਹਰਨ: ਜੇ ਫਾਈਲ ਉਸੇ ਫੋਲਡਰ ਵਿੱਚ ਹੈ ਤਾਂ ਇਸ ਨੂੰ ਪਰਭਾਸ਼ਿਤ ਕੀਤਾ ਜਾ ਸਕਦਾ ਹੈ।

<Img SRC="green.jpeg">

ਜਾਂ

<img SRC="C:\html\10class\green.jpeg">

img ਟੈਬ ਦੇ ਐਟਰੀਬਿਊਟ ਹੇਠ ਲਿਖੇ ਅਨੁਸਾਰ ਹਨ ।

1. **ALT** ਦਾ ਅਰਥ ਹੈ Alternate Text । ਇਹ ਬ੍ਰਾਊਜ਼ਰ ਨੂੰ ਦੱਸਦਾ ਹੈ ਕਿ ਜੇ ਇਹ ਚਿੱਤਰ ਨਹੀਂ ਲੱਭ ਸਕਦਾ ਹੈ, ਤਾਂ ਉਹ ਸਿਰਫ ਟੈਕਸਟ ਨੂੰ ਡਿਸਪਲੇਅ ਕਰੇ। ਉਦਾਹਰਨ ਲਈ ਇੱਕ ਡਿਸਏਬਲ ਯੂਜ਼ਰ ਇੱਕ ਸਕਰੀਨ ਰੀਡਰ ਦੀ ਵਰਤੋਂ ਕਰਦੇ ਹੋਏ, ਵੈਬਪੇਜ ਤੇ ਜਾਏਗਾ, ਜਦੋਂ ਉਹ ਚਿੱਤਰ ਉੱਤੇ ਮਾਊਸ ਲੈ ਕੇ ਜਾਂਦੇ ਹਾਂ ਤਾਂ ਅਲਟਰਨੇਟ ਟੈਕਸਟ ਪਰਦਰਸ਼ਿਤ ਹੁੰਦਾ ਹੈ। ਇਸ ਲਈ ਉਦਾਹਰਨ ਹੈ :

<Img SRC="green.jpeg" Alt="green color image is shown"> ਅਤੇ ਇਸ ਨੂੰ

ਉਦਾਹਰਨ ਵਜੋ ਵਿਆਖਿਆ ਕੀਤੀ ਗਈ ਹੈ, ਜਿਵੇਂ ਕਿ ਚਿੱਤਰ 2.38 ਅਤੇ 2.39 ਵਿੱਚ HTML ਕੋਡ ਅਤੇ ਆਊਟਪੁੱਟ ਦਿਖਾਇਆ ਗਿਆ ਹੈ :-




ਚਿੱਤਰ 2. 38




ਚਿੱਤਰ 2. 39

**2.** **WIDTH (ਵਿਡਥ)** ਇਹ ਚਿੱਤਰ ਦੀ ਚੌੜਾਈ ਨੂੰ ਪਿਕਸਲ ਤੇ ਵੈੱਬ ਬਰਾਊਜ਼ਰ ਵਿੰਡੋ ਦੇ ਅਨੁਪਾਤ ਅਨੁਸਾਰ ਦਰਸਾਉਂਦਾ ਹੈ। ਇਹ 1 ਪਿਕਸਲ ਤੋਂ ਕਿਸੇ ਵੀ ਸੰਖਿਆ ਦਾ ਹੋ ਸਕਦਾ ਹੈ ਪਰ ਆਮ ਤੌਰ ਤੇ ਵੈੱਬ ਬਰਾਊਜ਼ਰ ਦੀ ਚੌੜਾਈ ਤੋਂ ਘੱਟ ਹੋਵੇਗਾ।

**3.** **HEIGHT (ਉਚਾਈ)** ਦਾ ਮਤਲਬ ਹੈ, ਜਿਵੇਂ ਤੁਸੀਂ ਅਨੁਮਾਨ ਲਗਾ ਸਕਦੇ ਹੋ, ਚਿੱਤਰ ਦੀ ਉਚਾਈ ਪਿਕਸਲ ਵਿੱਚ ਜਾਂ ਵੈੱਬ ਬਰਾਊਜ਼ਰ ਵਿੰਡੋਜ਼ ਦੀ ਪ੍ਰਤੀਸ਼ਤਤਾ ਵਿੱਚ ਹੈ। ਉਚਾਈ ਕੁਝ ਵੀ ਹੋ ਸਕਦੀ ਹੈ, ਪਰ ਆਮ ਤੌਰ 'ਤੇ ਵੈਬ ਬਰਾਊਜ਼ਰ ਦੀ ਉਚਾਈ ਤੋਂ ਘੱਟ ਹੋਵੇਗੀ।

ਉਦਾਹਰਨ **<img src="images2.jpeg" height=50% width=30%>**

ਇਹਨਾਂ ਨੂੰ ਹੇਠਾਂ ਦਿੱਤੇ ਤਰੀਕੇ ਨਾਲ HTML ਕੋਡ ਅਤੇ ਇਸ ਦੇ ਆਊਟਪੁੱਟ ਨਾਲ ਚਿੱਤਰ 2.40 ਅਤੇ 2.41 ਵਿੱਚ ਦਰਸਾਇਆ ਗਿਆ ਹੈ।




ਚਿੱਤਰ 2. 40




ਚਿੱਤਰ 2. 41

4. **Align** (ਅਲਾਇਨ) ਐਟਰੀਬਿਊਟ ਵਿੰਡੋ ਬਰਾਊਜ਼ਰ ਵਿੱਚ image ਨੂੰ ਵੈੱਬ ਪੇਜ਼ ਦੇ ਬਾਕੀ ਕੰਨਟੈਂਟ ਦੇ ਮੁਤਾਬਿਕ ਅਲਾਇਨ ਕਰਦੀ ਹੈ। ਇਸ ਦੇ left, right, Top and bottom ਮੁੱਲ ਹਨ।

**ਇਸ ਲਈ** ਉਦਾਹਰਨ **ਇਸ ਪਰਕਾਰ ਹੈ :**

**<img src="images2.jpeg" align="Right" >**

> **Note:**
>
> ਇੱਕ ਚਿੱਤਰ ਦੇ ਉੱਪਰ ਅਤੇ ਹੇਠਾਂ ਸਪੇਸ ਨੂੰ ਵਧਾਉਣ ਲਈ, **VSPACE** ਅਤੇ **HSPACE** ਦੀ ਵਰਤੋਂ ਕਰੋ।

ਇਹਨਾਂ ਨੂੰ ਇੱਕ ਉਦਾਹਰਨ ਦੇ ਰੂਪ ਵਿੱਚ ਵਿਖਿਆਨ ਕੀਤਾ ਗਿਆ ਹੈ ਜਿਵੇਂ ਕਿ ਚਿੱਤਰ 2.42 ਅਤੇ 2.43 ਵਿੱਚ HTML ਕੋਡ ਅਤੇ ਆਊਟਪੁੱਟ ਨਾਲ ਦਰਸਾਇਆ ਗਿਆ ਹੈ : -




ਚਿੱਤਰ 2. 42




ਚਿੱਤਰ 2. 43

ਇਸੇ ਤਰ੍ਹਾਂ ਅਲਾਈਨ ਗੁਣਾਂ ਦੇ ਮੁੱਲਾਂ ਨੂੰ ਬਦਲ ਕੇ ਹੋਰ ਅਲਾਈਨਮੈਂਟ ਸੈਟ ਕੀਤੇ ਜਾ ਸਕਦੇ ਹਨ।

## 2.12 ਟੇਬਲਜ਼ (Tables):

### 2.12.1 HTML ਵਿੱਚ ਟੇਬਲ ਬਣਾਉਣਾ: -

ਪਿਛਲੇ ਵਿਸ਼ਿਆਂ ਵਿੱਚ ਅਸੀਂ ਵੱਖ-ਵੱਖ ਪਹਿਲੂਆਂ ਨੂੰ ਸਮਝਾਇਆ ਹੈ। ਜਿਨਾਂ ਵਿੱਚ ਜਾਣਕਾਰੀ ਨੂੰ ਟੈਕਸਟ ਅਤੇ ਪੈਰਿਆਂ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ। ਹਾਲਾਂਕਿ, ਅਸੀਂ ਕਾਲਮ ਅਤੇ ਕਤਾਰਾਂ ਜਾਂ ਟੇਬੂਲਰ ਫਾਰਮ ਦੇ ਰੂਪ ਵਿੱਚ ਜਾਣਕਾਰੀ ਨੂੰ ਪਰਿਭਾਸ਼ਿਤ ਕਰ ਸਕਦੇ ਹਾਂ। Table, ਸਾਨੂੰ ਬਹੁਤ ਸਾਰੀਆਂ ਕਤਾਰਾਂ ਅਤੇ ਕਾਲਮਾਂ ਵਿੱਚ ਜਾਣਕਾਰੀ ਦਾ ਪ੍ਰਬੰਧ ਕਰਨ ਦੀ ਇਜਾਜ਼ਤ ਦਿੰਦਾ ਹੈ। HTML table ਨੂੰ ਵੈਬ ਲੇਖਕਾਂ ਨੂੰ ਟੈਕਸਟ, ਇਮੇਜ਼, ਲਿੰਕਾਂ, ਦੂਜੀਆਂ ਟੇਬਲਜ਼ ਆਦਿ ਵਰਗੇ ਡਾਟਾ ਨੂੰ ਸੈਲਜ਼ਾਂ ਵਿੱਚ ਵਿਵਸਥਿਤ ਕਰਨ ਦੀ ਆਗਿਆ ਦਿੰਦਾ ਹੈ। ਇਹ ਵੈਬਪੇਜ ਨੂੰ ਆਕਰਸ਼ਕ ਬਣਾਉਂਦਾ ਹੈ। ਇਹ <table> ਟੈਗ ਨਾਲ ਸ਼ੁਰੂ ਹੁੰਦਾ ਹੈ ਅਤੇ </table> ਦੇ ਨਾਲ ਸਮਾਪਤ ਹੁੰਦਾ ਹੈ ਟੇਬਲ ਵਿੱਚ ਕਈ ਐਟਰੀਬੀਊਟਸ ਹਨ ਜੋ ਅਸੀਂ ਬਾਅਦ ਵਿੱਚ ਵੇਖਾਂਗੇ। ਟੇਬਲ ਟੈਗ ਦੇ ਅਨੇਕਾਂ ਹੋਰ ਟੈਗ ਹਨ ਜੋ ਹੇਠਾਂ ਦਿੱਤੇ ਗਏ ਹਨ : -

1. ਟੇਬਲ ਹੈਡਿੰਗ <TH> ਇਹ ਇੱਕ ਦਿੱਤੇ ਟੇਬਲ ਦੇ ਟੇਬਲ ਹੈਡਿੰਗ ਨੂੰ ਪਰਿਭਾਸ਼ਿਤ ਕਰਦਾ ਹੈ। ਇਹ <TH> ਟੈਗ ਨਾਲ ਸ਼ੁਰੂ ਹੁੰਦਾ ਹੈ ਅਤੇ </TH> ਟੈਗ ਨਾਲ ਖਤਮ ਹੁੰਦਾ ਹੈ। ਇਸ ਨੂੰ <Table row <TR> ਵਿੱਚ ਪਰਿਭਾਸ਼ਿਤ ਕਰਨਾ ਚਾਹੀਦਾ ਹੈ।
2. Table row <TR> ਇਹ ਇੱਕ ਟੇਬਲ ਵਿੱਚ (ਕਤਾਰ) row ਨੂੰ ਪਰਿਭਾਸ਼ਿਤ ਕਰਦੀ ਹੈ। ਇੱਕ ਰੋਅ ਵਿੱਚ ਟੇਬਲ ਹੈਡਿੰਗ (TH) ਤੇ ਟੇਬਲ ਡਾਟਾ (TD) ਪ੍ਰਭਾਸ਼ਿਤ ਹੁੰਦਾ ਹੈ। ਟੇਬਲ ਰੋਅ <TR> ਨਾਲ ਟੈਗ ਨਾਲ ਸ਼ੁਰੂ ਅਤੇ </TR> ਨਾਲ ਖਤਮ ਹੁੰਦਾ ਹੈ।